# ਪ੍ਰਧਾਨ ਮੰਤਰੀ ਦਾ ਅਮਰੀਕੀ ਕਾਂਗਰਸ ਦੀ ਸਾਂਝੀ ਬੈਠਕ ਨੂੰ ਸੰਬੋਧਨ

23 ਜੂਨ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 22 ਜੂਨ 2023 ਨੂੰ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਮਾਣਯੋਗ ਮਿਸਟਰ ਕੇਵਿਨ ਮੈਕਕਾਰਥੀ, ਸੈਨੇਟ ਦੀ ਬਹੁਮਤ ਦੇ ਨੇਤਾ ਮਾਣਯੋਗ ਮਿਸਟਰ ਚਾਰਲਸ ਸ਼ੂਮਰ, ਸੈਨੇਟ ਰਿਪਬਲਿਕਨ ਲੀਡਰ ਮਾਣਯੋਗ ਮਿਸਟਰ ਮਿਚ ਮੈਕਕੋਨਲ ਅਤੇ ਡੈਮੋਕਰੇਟਿਕ ਹਾਊਸ ਦੇ ਲੀਡਰ ਮਾਣਯੋਗ ਮਿਸਟਰ ਹਕੀਮ ਜੈਫਰੀਜ਼ ਦੇ ਸੱਦੇ ’ਤੇ ਅਮਰੀਕੀ ਕਾਂਗਰਸ ਦੀ ਸੰਯੁਕਤ ਬੈਠਕ ਨੂੰ ਸੰਬੋਧਿਤ ਕੀਤਾ।

2. ਇਸ ਮੌਕੇ ਅਮਰੀਕਾ ਦੀ ਉਪ ਰਾਸ਼ਟਰਪਤੀ ਮਾਣਯੋਗ ਸ਼੍ਰੀਮਤੀ ਕਮਲਾ ਹੈਰਿਸ ਵੀ ਮੌਜੂਦ ਸਨ।

3. ਕਾਂਗਰਸ ਦੇ ਨੇਤਾਵਾਂ ਦੁਆਰਾ ਪ੍ਰਧਾਨ ਮੰਤਰੀ ਦਾ ਕੈਪੀਟਲ ਹਿੱਲ ਪਹੁੰਚਣ 'ਤੇ ਰਸਮੀ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ ਅਤੇ ਕਾਂਗਰਸ ਦੇ ਨੇਤਾਵਾਂ ਨਾਲ ਵੱਖੋ-ਵੱਖ ਮੀਟਿੰਗਾਂ ਕੀਤੀਆਂ।

4. ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਡੂੰਘਾ ਕਰਨ ਸਬੰਧੀ ਅਮਰੀਕੀ ਕਾਂਗਰਸ ਵਿੱਚ ਲੰਬੇ ਸਮੇਂ ਤੋਂ ਚੱਲੇ ਆ ਰਹੇ ਅਤੇ ਮਜ਼ਬੂਤ ਦੋ-ਪੱਖੀ ਸਮਰਥਨ ਲਈ ਆਪਣੀ ਸ਼ਲਾਘਾ ਵਿਅਕਤ ਕੀਤੀ।

5. ਪ੍ਰਧਾਨ ਮੰਤਰੀ ਨੇ ਭਾਰਤ-ਅਮਰੀਕਾ ਦੁਵੱਲੇ ਸਬੰਧਾਂ ਤਹਿਤ ਤੇਜ਼ੀ ਨਾਲ ਕੀਤੀਆਂ ਤਰੱਕੀਆਂ ਬਾਰੇ ਗੱਲ ਕੀਤੀ ਅਤੇ ਦੁਵੱਲੇ ਸਬੰਧਾਂ ਨੂੰ ਹੋਰ ਅੱਗੇ ਲਿਜਾਣ ਬਾਰੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਉਹਨਾਂ ਨੇ ਭਾਰਤ ਦੁਆਰਾ ਕੀਤੀ ਗਈ ਵਿਸ਼ਾਲ ਤਰੱਕੀ ਅਤੇ ਵਿਸ਼ਵ ਨੂੰ ਪੇਸ਼ ਕਰਨ ਯੋਗ ਮੌਕਿਆਂ ਨੂੰ ਰੇਖਾਂਕਿਤ ਕੀਤਾ।

6. ਸਪੀਕਰ ਮੈਕਕਾਰਥੀ ਨੇ ਪ੍ਰਧਾਨ ਮੰਤਰੀ ਦੇ ਸਨਮਾਨ ਵਿੱਚ ਰਿਸੈਪਸ਼ਨ ਦਾ ਆਯੋਜਨ ਕੀਤਾ।

7. ਪ੍ਰਧਾਨ ਮੰਤਰੀ ਦੁਆਰਾ ਅਮਰੀਕੀ ਕਾਂਗਰਸ ਦੀ ਸਾਂਝੀ ਬੈਠਕ ਨੂੰ ਕੀਤਾ ਗਿਆ ਇਹ ਦੂਜਾ ਸੰਬੋਧਨ ਸੀ। ਉਹਨਾਂ ਨੇ ਅਮਰੀਕੀ ਕਾਂਗਰਸ ਨੂੰ ਇਸ ਤੋਂ ਪਹਿਲਾਂ ਸਤੰਬਰ 2016 ਵਿੱਚ ਅਮਰੀਕਾ ਦੀ ਆਪਣੀ ਸਰਕਾਰੀ ਯਾਤਰਾ ਦੌਰਾਨ ਸੰਬੋਧਨ ਕੀਤਾ ਸੀ।

**ਵਾਸ਼ਿੰਗਟਨ ਡੀ.ਸੀ.**

**22 ਜੂਨ, 2023**